## ਮਿਤੀ 11-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:136<br>ਮਿਤੀ:11-12-22<br>ਜੁਰਮ:323,341,427,<br>34,ਆਈ.ਪੀ.ਸੀ<br>ਥਾਣਾ ਮਟੌਰ | ਗਗਨਪ੍ਰੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਮਕਾਨ ਨੰ:4411/ਬੀ, ਸੈਕ:125, ਨਿਊ ਸੰਨੀ ਇੰਨਕਲੇਵ, ਖਰੜ<br>ਉਮਰ 34 ਸਾਲ<br>90418-98922 | 04, ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਖੇਤੀਬਾੜੀ ਦਾ ਕੰਮ ਕਰਦਾ ਹਾਂ। ਕੱਲ ਮਿਤੀ 10-12-22 ਦੀ ਰਾਤ ਨੂੰ ਵਕਤ ਕਰੀਬ 11:30 ਪੀ ਐਮ ਦਾ ਹੋਵੇਗਾ ਮੈ ਤੇ ਮੇਰੇ ਦੋਸਤ ਅਰਬਿੰਦ ਸਿੰਘ ਪੁੱਤਰ ਸੁਰਮੁੱਖ ਸਿੰਘ ਵਾਸੀ ਪਿੰਡ ਹਵਾਰਾ ਕਲਾਂ, ਥਾਣਾ ਖਮਾਣੋ, ਜਿਲ੍ਹਾ ਫਤਿਹਗੜ੍ਹ ਸਾਹਿਬ ਤੇ ਡਿੰਪਲ ਕੁਮਾਰ ਪੁੱਤਰ ਰਾਮ ਚੰਦ ਵਾਸੀ ਮਕਾਨ ਨੰ:651, ਫੇਸ-7, ਮੋਹਾਲੀ ਆਪਣੀ ਗੱਡੀ ਨੰ:ਐਚ ਪੀ-15ਸੀ-4050 ਮਾਰਕਾ ਪਜੈਰੋ ਵਿੱਚ ਸਵਾਰ ਹੋ ਕੇ ਆਪਣੇ ਨਿੱਜੀ ਕੰਮ ਲਈ ਫੇਸ-3ਬੀ2, ਮੋਹਾਲੀ ਦੀ ਮਾਰਕੀਟ ਦੇ ਪਿੱਛਲੇ ਪਾਸੇ ਆਏ ਸਨ। ਤਾਂ ਉੱਥੇ ਇਕ ਗੱਡੀ ਨੰ:ਸੀ ਐਚ-01ਸੀਐਮ-2043 ਮਾਰਕਾ ਥਾਰ ਤੇ ਇਕ ਕਾਰ ਨੰ:ਐਚ ਆਰ-24ਏਈ-6803 ਮਾਰਕਾ ਵਰਨਾ ਆਈਆ। ਜਿਹਨਾਂ ਵਿੱਚੋ ਦੋ-ਦੋ ਨਾ-ਮਾਲੂਮ ਲੜਕੇ ਉੱਤਰ ਕੇ ਬਾਹਰ ਆਏ ਤੇ ਸਾਨੂੰ ਬਿਨ੍ਹਾ ਕਿਸੇ ਗੱਲ ਤੋ ਗਾਲ੍ਹਾ ਕੱਢਣ ਲੱਗ ਪਏ। ਜਦੋ ਅਸੀ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਸਾਡੀ ਕੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਅਸੀ ਰੌਲਾ ਪਾਇਆ ਤਾਂ ਉਹ ਨਾ-ਮਾਲੂਮ ਲੜਕੇ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ ਤੇ ਜਾਂਦੇ ਹੋਏ ਸਾਡੀ ਗੱਡੀ ਦੀ ਵੀ ਭੰਨ ਤੋੜ ਕਰ ਗਏ। ਬਾਅਦ ਵਿੱਚ ਮੈ ਉਹਨਾਂ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:135<br>ਮਿਤੀ:11-12-22<br>ਜੁਰਮ:61-1-14,<br>ਐਕਸਾਇਜ ਐਕਟ ਤੇ<br>420,120ਬੀ,ਆਈ.ਪੀ.ਸੀ<br>ਥਾਣਾ ਫੇਸ-11 | ਸ:ਥ:ਮੁਸਤਾਕ<br>84271-23725 | 1) ਦਿ ਬੁਰਜ ਕਲੱਬ ਦਾ ਨਾ-ਮਾਲੂਮ ਮਾਲਕ<br>2) ਦਿ ਬੁਰਜ ਕਲੱਬ ਦਾ ਨਾ-ਮਾਲੂਮ ਮੈਨੇਜਰ<br>3) ਕੁਝ ਹੋਰ ਨਾ-ਮਾਲੂਮ ਵਿਅਕਤੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਮੰਡੀ ਚੌਂਕ ਫੇਸ-11,ਮੋਹਾਲੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਬੈਸਟੈਕ ਸਕੁਏਅਰ ਮਾਲ ਸੈਕ:66, ਮੋਹਾਲੀ ਦੀ ਪੰਜਵੀ ਮੰਜਿਲ ਪਰ ਦਿ ਬੁਰਜ ਕਲੱਬ ਵਿੱਚ ਕਲੱਬ ਦਾ ਨਾ-ਮਾਲੂਮ ਮਾਲਕ, ਮੈਨੇਜਰ ਅਤੇ ਹੋਰ ਨਾ-ਮਾਲੂਮ ਵਿਅਕਤੀ ਮਿਲ ਕੇ ਵਧੀਆ ਕੁਆਲਿਟੀ ਦੀ ਸ਼ਰਾਬ ਅਤੇ ਬੀਅਰ ਚੰਡੀਗੜ੍ਹ ਤੋ ਲਿਆ ਕੇ ਹੋਲੋਗ੍ਰਾਮ ਉਤਾਰ ਕੇ ਕਲੱਬ ਵਿੱਚ ਆਏ ਗਾਹਕਾ ਨੂੰ ਵੇਚਦੇ ਅਤੇ ਪਰੋਸਦੇ ਹਨ। ਜੇਕਰ ਹੁਣੇ ਹੀ ਉਕਤ ਕਲੱਬ ਵਿੱਚ ਰੇਡ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿੱਚ ਚੰਡੀਗੜ੍ਹ ਤੇ ਲਿਆਦੀ ਮਹਿੰਗੇ ਭਾਅ ਦੀ ਸ਼ਰਾਬ ਤੇ ਬੀਅਰ ਬਰਾਮਦ ਹੋ ਸਕਦੀ ਹੈ। |
| 3 | ਮੁਕੱਦਮਾ ਨੰ:520<br>ਮਿਤੀ:11-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਰਿੰਕੀ ਪਤਨੀ ਰਾਜੇਸ਼ ਹਾਲ ਵਾਸੀ ਪਿੰਡ ਮੌਲੀ ਬੈਦਵਾਨ, ਥਾਣਾ ਸੋਹਾਣਾਂ<br>ਉਮਰ 28 ਸਾਲ<br>76268-52998 | ਨਾ-ਮਾਲੂਮ ਡਰਾਈਵਰ ਤੇ ਗੱਡੀ ਨੰ:ਪੀ ਬੀ-65ਏਵੀ-2806, ਮਾਰਕਾ ਮਹਿੰਦਰਾ ਪਿੱਕ ਅੱਪ ਰੰਗ ਚਾਕਲੇਟੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮਿਹਨਤ ਮਜਦੂਰੀ ਦਾ ਕੰਮ ਕਰਦੀ ਹਾਂ। ਮੇਰੇ ਘਰਵਾਲਾ ਰਾਜੇਸ਼ ਵੀ ਮਿਹਨਤ ਮਜਦੂਰੀ ਦਾ ਕੰਮ ਕਰਦਾ ਸੀ। ਮਿਤੀ 07-12-22 ਨੂੰ ਵਕਤ ਕਰੀਬ 08:30 ਪੀ ਐਮ ਦਾ ਹੋਵੇਗਾ ਮੈ ਤੇ ਮੇਰਾ ਘਰਵਾਲਾ ਆਪਣੇ ਕੰਮ ਤੋ ਆਪਣੇ ਘਰ ਨੂੰ ਪੈਦਲ ਵਾਪਸ ਜਾ ਰਹੇ ਸਨ। ਜਦੋ ਅਸੀ ਸੈਕ:85/86 ਦੇ ਚੌਂਕ ਕੋਲ ਪਿੰਡ ਸੰਬਾਲਕੀ ਵਿਖੇ ਪੁੱਜੇ ਤਾਂ ਪਿੱਛੋ ਉਕਤ ਨੰਬਰੀ ਗੱਡੀ ਆਈ। ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਗੱਡੀ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਮੇਰੇ ਘਰਵਾਲੇ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਘਰਵਾਲਾ ਸੜਕ ਤੇ ਡਿੱਗ ਪਿਆ ਤੇ ਉਸ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਜੀ ਐਮ ਸੀ ਹਸਪਤਾਲ ਸੈਕ:32, ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਗੱਡੀ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 4 | ਮੁਕੱਦਮਾ ਨੰ:357<br>ਮਿਤੀ:11-12-22<br>ਜੁਰਮ:328,381,34,<br>120ਬੀ,ਆਈ.ਪੀ.ਸੀ<br>ਥਾਣਾ ਸਿਟੀ ਖਰੜ | ਅਸ਼ਪ੍ਰੀਤ ਕੌਰ ਪਤਨੀ ਪ੍ਰਭਜੋਤ ਸਿੰਘ ਵਾਸੀ ਮਕਾਨ ਨੰ:838, ਸੈਕ:117, ਟੀ ਡੀ ਆਈ ਸਿਟੀ,ਏਅਰ ਪੋਰਟ ਰੋਡ, ਬਲੌਂਗੀ<br>ਉਮਰ 29 ਸਾਲ<br>98151-91843 | 1) ਸੰਜੂ<br>2) 2/3, ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਵਿਆਹ ਸਾਲ 2018 ਵਿੱਚ ਪ੍ਰਭਜੋਤ ਸਿੰਘ ਨਾਲ ਹੋਇਆ ਸੀ। ਮੇਰੇ ਪਿਤਾ ਇੰਦਰਜੀਤ ਸਿੰਘ, ਮਾਤਾ ਪਰਮਜੀਤ ਕੌਰ ਤੇ ਮੇਰਾ ਭਰਾ ਜਸਕਰਨ ਸਿੰਘ ਮਕਾਨ ਨੰ:1049, ਸੰਨੀ ਇੰਨਕਲੇਵ, ਖਰੜ ਵਿਖੇ ਰਹਿੰਦੇ ਹਨ। ਮੇਰੇ ਪਿਤਾ ਇੰਦਰਜੀਤ ਸਿੰਘ ਤੇ ਮੇਰਾ ਭਰਾ ਜਸਕਰਨ ਸਿੰਘ ਚੌਹਾਨ ਜਿਊਇਲਰਜ ਦੇ ਨਾ ਤੇ ਫੇਸ-11, ਮੋਹਾਲੀ ਵਿਖੇ ਦੁਕਾਨ ਕਰਦੇ ਹਨ। ਅੱਜ ਵਕਤ ਕਰੀਬ 12:00 ਪੀ ਐਮ ਦਾ ਹੋਵੇਗਾ ਮੈਨੂੰ ਮੇਰੇ ਭਰਾ ਜਸਕਰਨ ਸਿੰਘ ਦਾ ਫੋਨ ਆਇਆ ਜਿਸ ਨੇ ਮੈਨੂੰ ਦੱਸਿਆ ਕਿ ਸਾਡੀ ਨੌਕਰਾਣੀ ਸੰਜੂ ਨੇ ਸਾਨੂੰ ਰਾਤ ਦੇ ਖਾਣੇ ਵਿੱਚ ਕੋਈ ਨਸ਼ੀਲੀ ਚੀਜ ਮਿਲਾ ਕੇ ਖਿੱਲਾ ਦਿੱਤੀ ਤੇ ਸਾਡੇ ਘਰ ਵਿੱਚ ਪਿਆ ਸਮਾਨ ਸੋਨਾ, ਨਗਦੀ ਵਗੈਰਾ ਆਪਣੇ 2/3, ਹੋਰ ਨਾ-ਮਾਲੂਮ ਸਾਥੀਆ ਨਾਲ ਮਿਲ ਕੇ ਚੋਰੀ ਕਰਕੇ ਲੈ ਗਈ। ਜਦੋ ਮੈ ਆਪਣੇ ਪੇਕੇ ਘਰ ਜਾ ਕੇ ਦੇਖਿਆ ਤਾਂ ਮੇਰੇ ਮਾਤਾ ਪਿਤਾ ਤੇ ਭਰਾ ਨਸ਼ੇ ਦੀ ਹਾਲਤ ਵਿੱਚ ਸਨ। ਜਿਹਨਾਂ ਨੂੰ ਮੈ ਇਲਾਜ ਲਈ ਸਿਵਲ ਹਸਪਤਾਲ ਫੇਸ-6, ਮੋਹਾਲੀ ਵਿਖੇ ਦਾਖਲ ਕਰਵਾਇਆ। ਜਿੱਥੇ ਉਹ ਜੇਰੇ ਇਲਾਜ ਹਨ। ਬਾਅਦ ਵਿੱਚ ਮੈ ਆਪਣੀ ਨੌਕਰਾਣੀ ਸੰਜੂ ਤੇ ਉਸਦੇ 2/3, ਹੋਰ ਨਾ-ਮਾਲੂਮ ਸਾਥੀਆ ਖਿਲਾਫ ਮੁਕੱਦਮਾ ਦਰਜ ਕਰਵਾਇਆ। ਮੈ ਆਪਣੇ ਚੋਰੀ ਹੋਏ ਪੂਰੇ ਸਮਾਨ ਲਿਸਟ ਆਪਣ ਮਾਤਾ ਪਿਤਾ ਤੇ ਭਰਾ ਦੇ ਠੀਕ ਹੋਣ ਬਾਅਦ ਪੇਸ਼ ਕਰਾਂਗੀ। |
| 5 | ਮੁਕੱਦਮਾ ਨੰ:358<br>ਮਿਤੀ:11-12-22<br>ਜੁਰਮ:447,506,<br>ਆਈ.ਪੀ.ਸੀ<br>ਥਾਣਾ ਸਿਟੀ ਖਰੜ | ਮਨਦੀਸ਼ ਸਿੰਘ ਸ਼ਾਹੀ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰ:ਐਚ-604, ਛੇਵੀ ਮੰਜਿਲ, ਗਿਲਕੋ ਟਾਵਰ ਖਰੜ<br>ਉਮਰ 65 ਸਾਲ<br>94780-02343 | ਅਜੈਬ ਸਿੰਘ ਵਾਸੀ ਫਲੈਟ ਨੰ:ਐਚ-103, ਗਿਲਕੋ ਟਾਵਰ, ਖਰੜ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੀ ਲੜਕੀ ਅਸਟ੍ਰੇਲੀਆ ਰਹਿੰਦੀ ਹੈ। ਮੈ ਤੇ ਮੇਰੀ ਘਰਵਾਲੀ ਕੁਝ ਮਹੀਨੇ ਪਹਿਲਾ ਆਪਣੀ ਲੜਕੀ ਨੂੰ ਮਿਲਣ ਲਈ ਵਿਦੇਸ਼ ਗਏ ਸਨ। ਜਦੋ ਹੁਣ ਅਸੀ ਵਾਪਸ ਆਏ ਤੇ ਉਕਤ ਦੋਸ਼ੀ ਨੇ ਮੇਰੀ ਪਾਰਕਿੰਗ ਵਿੱਚੋ ਮੇਰੀ ਗੱਡੀ ਹੱਟਾ ਕੇ ਪਾਰਕਿੰਗ ਤੇ ਕਬਜਾ ਕਰਨ ਦੀ ਨੀਅਤ ਨਾਲ ਆਪਣੀ ਗੱਡੀ ਖੜ੍ਹੀ ਕੀਤੀ ਹੋਈ ਸੀ। ਜਦੋ ਮੈ ਉਸ ਨੂੰ ਇਸ ਬਾਰੇ ਪੁੱਜਿਆ ਤਾਂ ਉਹ ਬਹਾਨੇ ਲੱਗਾਉਂਣ ਲੱਗ ਪਿਆ ਤੇ ਮੈਨੂੰ ਕਹਿਣ ਲੱਗਾ ਕਿ ਇਹ ਮੇਰੀ ਪਾਰਕਿੰਗ ਹੈ ਤੇ ਉਸ ਨੇ ਮੈਨੂੰ ਜਾਨੋ ਮਾਰਨ ਦੀਆ ਧਮਕੀਆ ਵੀ ਦਿੱਤੀਆ। ਜਿਸ ਤੇ ਹੁਣ ਮੈ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:133<br>ਮਿਤੀ:11-12-22<br>ਜੁਰਮ:379,ਆਈ.ਪੀ.ਸੀ ਤੇ 32,33,35,63,67,<br>ਆਈ ਐਫ ਐਕਟ-1927 ਤੇ 04, ਪੀ ਐਲ ਪੀ ਐਕਟ-1900<br>ਥਾਣਾ ਮੁੱਲਾਂਪੁਰ | ਸਤਵਿੰਦਰ ਸਿੰਘ ਫੋਰੈਸਟ ਰੇਂਜ ਆਫਿਸਰ ਸਿਸਵਾਂ, ਮੁੱਲਾਂਪੁਰ<br>79863-23441 | 1) ਗੁਰਪ੍ਰੀਤ ਸਿੰਘ ਪੁੱਤਰ ਕੁਲਵੀਰ ਸਿੰਘ<br>2) ਹਰਦਿੱਤ ਸਿੰਘ ਪੁੱਤਰ ਕੁਲਦੀਪ ਸਿੰਘ<br>3) ਕੁਲਦੀਪ ਸਿੰਘ ਪੁੱਤਰ ਮੱਖਣ ਸਿੰਘ ਵਾਸੀਆਨ ਪਿੰਡ ਫਾਂਟਵਾ, ਥਾਣਾ ਬਲਾਕ ਮਾਜਰੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅੱਜ ਮੈ ਸਮੇਤ ਸਾਥੀ ਕਰਮਚਾਰੀਆ ਦੇ ਨਾਲ ਪਿੰਡ ਸਿਸਵਾਂ ਦੇ ਜੰਗਲ ਦੀ ਚੈਕਿੰਗ ਕਰਨ ਲਈ ਗਿਆ ਸੀ। ਤਾਂ ਉੱਥੇ ਉਕਤਾਨ ਦੋਸ਼ੀਆਨ ਖੈਰ ਦੀ ਲੱਕੜ ਦੀ ਕਟਾਈ ਕਰ ਰਹੇ ਸਨ ਜੋ ਸਾਨੂੰ ਦੇਖ ਕੇ ਮੌਕੇ ਤੋ ਭੱਜਣ ਲੱਗੇ। ਜਿਹਨਾਂ ਨੂੰ ਅਸੀ ਮੌਕੇ ਤੇ ਕਾਬੂ ਕਰ ਲਿਆ ਤੇ ਮੌਕੇ ਤੇ ਉਹਨਾਂ ਦਾ ਮੋਟਰ ਸਾਈਕਲ ਨੰ:ਪੀ ਬੀ-65ਏਜੇ-8748 ਵੀ ਜਬਤ ਕੀਤਾ ਗਿਆ। ਜਦੋ ਅਸੀ ਚੈਕ ਕੀਤਾ ਤਾਂ ਉਕਤਾਨ ਦੋਸ਼ੀਆਨ ਵੱਲੋ ਮੌਕੇ ਤੇ ਖੈਰ ਦੇ ਦੋ ਰੁੱਖ ਕੱਟੇ ਹੋਏ ਪਾਏ ਗਏ। ਬਾਅਦ ਵਿੱਚ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:134<br>ਮਿਤੀ:11-12-22<br>ਜੁਰਮ:279,304ਏ,<br>427, ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਰਾਮ ਲਾਲ ਪੁੱਤਰ ਟੀਟੂ ਰਾਮ ਵਾਸੀ ਪਿੰਡ ਮਿਲਖ, ਥਾਣਾ ਮੁੱਲਾਂਪੁਰ<br>ਉਮਰ 40 ਸਾਲ<br>97792-67768 | ਨਾ-ਮਾਲੂਮ ਡਰਾਈਵਰ ਤੇ ਕਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਡੀ ਐਲ ਐਫ ਕੰਪਨੀ ਨਿਊ ਚੰਡੀਗੜ੍ਹ ਵਿੱਚ ਸਵੀਪਰ ਦਾ ਕੰਮ ਕਰਦਾ ਹਾਂ। ਮੇਰਾ ਵੱਡਾ ਭਰਾ ਸੈਂਟੀ ਰਾਮ ਵੀ ਮੇਰੇ ਨਾਲ ਹੀ ਇੱਥੇ ਸਵੀਪਰ ਦਾ ਕੰਮ ਕਰਦਾ ਸੀ। ਕੱਲ ਮਿਤੀ 10-12-22 ਨੂੰ ਵਕਤ ਕਰੀਬ 05:00 ਪੀ ਐਮ ਦਾ ਹੋਵੇਗਾ ਮੈ ਤੇ ਮੇਰਾ ਭਰਾ ਆਪਣੀ ਡਿਊਟੀ ਖਤਮ ਕਰਕੇ ਆਪਣੇ ਆਪਣੇ ਮੋਟਰ ਸਾਈਕਲਾ ਪਰ ਸਵਾਰ ਹੋ ਕੇ ਆਪਣੇ ਘਰ ਨੂੰ ਵਾਪਸ ਜਾ ਰਹੇ ਸਨ। ਜਦੋ ਅਸੀ ਨੇੜੇ ਆਈ ਏ ਐਸ ਕਲੋਨੀ ਪੁੱਲ, ਪਿੰਡ ਮੁੱਲਾਂਪੁਰ ਵਿਖੇ ਪੁੱਜੇ ਤਾਂ ਮੇਰਾ ਭਰਾ ਆਪਣੇ ਮੋਟਰ ਸਾਈਕਲ ਨੰ:ਸੀ ਐਚ-01ਬੀਜੀ-5908 ਪਰ ਸਵਾਰ ਹੋ ਕੇ ਮੇਰੇ ਤੋ ਥੋੜ੍ਹਾ ਅੱਗੇ ਜਾ ਰਿਹਾ ਸੀ। ਤਾਂ ਪਿੱਛੋ ਇਕ ਕਾਰ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਮਰੇ ਭਰਾ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਕਾਰ ਦੀ ਰਫਤਾਰ ਜਿਆਦਾ ਹੋਣ ਕਾਰਨ ਮੈ ਕਾਰ ਦਾ ਨੰਬਰ ਨਹੀ ਪੜ੍ਹ ਸਕਿਆ। ਮੇਰੇ ਭਰਾ ਦੇ ਸਿਰ ਵਿੱਚ ਕਾਫੀ ਸੱਟਾਂ ਲੱਗੀਆ। ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ। ਬਾਅਦ ਵਿੱਚ ਉਸ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 8 | ਮੁਕੱਦਮਾ ਨੰ:135<br>ਮਿਤੀ:11-12-22<br>ਜੁਰਮ:379, ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਪੰਕਜ ਪੁੱਤਰ ਧਰਮਵੀਰ ਹਾਲ ਵਾਸੀ ਪਿੰਡ ਮੁੱਲਾਂਪੁਰ, ਥਾਣਾ ਮੁੱਲਾਂਪੁਰ<br>ਉਮਰ 30 ਸਾਲ<br>98781-33707 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 08-12-22 ਦੀ ਰਾਤ ਨੂੰ ਮੈ ਆਪਣਾ ਆਟੋ ਨੰ:ਸੀ ਐਚ-01ਟੀਬੀ-2183 ਆਪਣੇ ਘਰ ਦੇ ਸਾਹਮਣੇ ਖੜ੍ਹਾ ਕੀਤਾ ਸੀ। ਜਦੋ ਸਵੇਰੇ ਉੱਠ ਕੇ ਦੇਖਿਆ ਤਾਂ ਮੇਰਾ ਆਟੋ ਆਪਣੀ ਜਗ੍ਹਾ ਪਰ ਨਹੀ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਨਹੀ ਮਿਲਿਆ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 9 | ਮੁਕੱਦਮਾ ਨੰ:487<br>ਮਿਤੀ:11-12-22<br>ਜੁਰਮ:363,366,ਆਈ.ਪੀ.ਸੀ<br>ਥਾਣਾ ਜੀਰਕਪੁਰ | ਰਾਜਪਾਲ ਪੁੱਤਰ ਯਾਦ ਰਾਮ ਹਾਲ ਵਾਸੀ ਮਕਾਨ ਨੰ:31, ਸ਼ਿਵ ਇੰਨਕਲੇਵ, ਬਲਟਾਣਾਂ, ਥਾਣਾ ਜੀਰਕਪੁਰ<br>98777-88858 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੀ ਲੜਕੀ ਤਨੀਸ਼ਾ ਜਿਸ ਦੀ ਉਮਰ ਕਰੀਬ 15 ਸਾਲ ਹੈ। ਜੋ ਮਿਤੀ 06-12-22 ਨੂੰ ਬਿਨ੍ਹਾ ਕੁਝ ਦੱਸੇ ਕੀਤੇ ਚੱਲੇ ਗਈ ਤੇ ਸ਼ਾਮ ਨੂੰ ਘਰ ਵਾਪਸ ਨਹੀ ਆਈ। ਜਿਸ ਦੀ ਮੈ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਨਹੀ ਮਿਲੀ। ਮੈਨੂੰ ਸ਼ੱਕ ਹੈ ਕਿ ਕੋਈ ਨਾ-ਮਾਲੂਮ ਵਿਅਕਤੀ ਮੇਰੀ ਲੜਕੀ ਤਨੀਸ਼ਾ ਨੂੰ ਵਰਗਲਾ ਕੇ ਤੇ ਫੁਸਲਾ ਕੇ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਹੈ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |